Workplace Safety & Insurance Board
Commission de la sécurité professionnelle et de l'assurance contre les accidents du travail

**Fact Sheet**

# *ਅਪੀਲਾਂ ਦੀ ਪ੍ਰਣਾਲੀ*

ਵਰਕ ਪਲੇਸ ਸੇਫਟੀ ਅਤੇ ਇੰਸ਼ੋਰੈਸ ਬੋਰਡ (WSIB) ਲਈ ਝਗੜਿਆਂ ਦੀ ਰੋਕਥਾਮ ਜਾਂ ਜਲਦੀ ਅਤੇ ਪੂਰਨ ਤੌਰ ਤੇ ਨਿਪਟਾਰਾ ਜ਼ਰੂਰੀ ਹੈ । ਅਪੀਲੀ ਅਵਸਥਾ ਤੇ ਪੁੱਜਣ ਤੋਂ **ਪਹਿਲਾਂ** ਸਟਾਫ ਝਗੜਿਆਂ ਦੀ ਰੋਕਥਾਮ ਲਈ ਅਤੇ ਕੰਮ ਦੀਆਂ ਪਾਰਟੀਆਂ ਵਿਚਲੇ ਨਾਂ-ਸਹਿਮਤੀ ਵਾਲੇ ਮਸਲਿਆਂ ਨੂੰ ਨਿਪਟਾਉਣ ਵਿੱਚ ਮਦਦ ਕਰਨ ਲਈ ਬਦਲਵੀਆਂ ਝਗੜਾ ਨਿਪਟਾਊ (ADR) ਤਕਨੀਕਾਂ ਦੀ ਵਰਤੋਂ ਕਰਦਾ ਹੈ ।

ਜਦੋਂ ਇਤਰਾਜ਼ ਅਪੀਲ ਦੀ ਅਵਸਥਾ ਤਕ ਪੁਜਦੇ ਹਨ ਤਾਂ ਅਪੀਲੀ ਨਿਪਟਾਰਾ ਕਰਨ ਵਾਲੇ ਅਫਸਰ ਮਸਲਿਆਂ ਦਾ ਅੰਤਿਮ ਤੌਰ ਤੇ ਨਿਪਟਾਰਾ ਕਰਨ ਲਈ ਅਨੇਕਾਂ ਜਾਂਚ ਪੜਤਾਲ ਤੇ ਝਗੜਾ ਨਿਪਟਾਊ ਵਿਧੀਆਂ ਦਾ ਪ੍ਰਯੋਗ ਕਰਦੇ ਹਨ । ਜ਼ੋਰ ਇਸ ਗਲ ਤੇ ਦਿਤਾ ਜਾਂਦਾ ਹੈ ਕਿ ਇਤਰਾਜ਼ ਨੂੰ ਗੈਰ-ਤਕਰਾਰੀ ਤਰੀਕੇ ਨਾਲ ਨਿਪਟਾਇਆ ਜਾਵੇ ।

## ਪ੍ਰਤੀਕੂਲ ਫੈਸਲਿਆਂ ਨਾਲ ਅਸੀਂ ਕਿਵੇਂ ਨਜਿੱਠਦੇ ਹਾਂ ?

ਕੋਈ ਵੀ ਵਿਅਕਤੀ ਜਿਸ ਨੂੰ ਪ੍ਰਤੀਕੂਲ ਫੈਸਲਾ ਸੁਣਾਇਆ ਜਾਂਦਾ ਹੈ ਉਸ ਨੂੰ ਪੂਰੀ ਲਿਖਤੀ ਰੂਪ ਵਿਚ ਵਿਆਖਿਆ ਦਿਤੀ ਜਾਵੇਗੀ, ਤੇ ਨਾਲ ਹੀ ਉਸ ਨੂੰ ਇਹ ਸੱਦਾ ਵੀ ਦਿਤਾ ਜਾਵੇਗਾ ਕਿ ਉਹ ਫੈਸਲੇ ਬਾਰੇ ਕਿਸੇ ਗੱਲ ਦੇ ਸਬੰਧ ਵਿਚ ਜਾਂ ਫੈਸਲੇ ਬਾਰੇ ਕਿਸੇ ਨਵੀਂ ਜਾਣਕਾਰੀ ਨੂੰ ਲੈ ਕੇ ਫੈਸਲਾ ਕਰਨ ਵਾਲੇ ਨੂੰ ਸਿੱਧਾ ਸੰਪਰਕ ਕਰ ਸਕਦਾ ਹੈ । ਇਸ ਨਾਲ ਅਸੰਤੋਸ਼ਜਨਕ ਧਿਰ ਨੂੰ ਮੌਕਾ ਮਿਲ ਜਾਂਦਾ ਹੈ ਕਿ ਉਹ ਪਹਿਲਾਂ ਮਸਲਿਆਂ ਬਾਰੇ ਨਿਰਣਾਇਕ ਜਾਂ ਕਿਸੇ ਹੋਰ ਫੈਸਲਾ ਕਰਨਵਾਲੇ ਨਾਲ ਵਿਚਾਰ ਵਟਾਂਦਰਾ ਕਰ ਸਕਦਾ ਹੈ । ਫੈਸਲੇ ਵਾਲੀ ਚਿਠੀ ਉਸ ਧਿਰ ਨੂੰ ਜੇਕਰ ਉਹ ਅੱਗੇ ਕਾਰਵਾਈ ਕਰਨੀ ਚਾਹੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਸਮੇਂ ਦੀ ਹੱਦ ਬਾਰੇ ਵੀ ਦੱਸੇਗੀ । (ਵਿਧਾਨਕ ਸਮਾਂ ਸੀਮਾਵਾਂ ਬਾਰੇ ਹੋਰ ਜਾਣਕਾਰੀ ਲਈ *ਅਪੀਲਾਂ ਲਈ ਸਮਾਂ ਸੀਮਾਂਵਾਂ* ਫੈਕਟ ਸ਼ੀਟ ਦੇਖੋ )

ਜੇਕਰ ਝਗੜਾ ਨਹੀਂ ਨਿੱਬੜਦਾ ਤਾਂ ਅਸੰਤੋਸ਼ਜਨਕ ਧਿਰ ਦੀ ਜ਼ਿੰਮੇਵਾਰੀ ਹੈ ਕਿ ਉਹ ਲਿਖਤੀ ਰੂਪ ਵਿਚ ਸਮਾਂ ਸੀਮਾਵਾਂ ਦੇ ਅੰਤਰਗਤ WSIB ਨੂੰ ਦੱਸੇ ਕੇ ਉਹ ਇਤਰਾਜ਼ ਕਰਨਾ ਚਾਹੁੰਦਾ /ਚਾਹੁੰਦੀ ਹੈ । ਜੇਕਰ ਝਗੜੇ ਵਾਲੀ ਧਿਰ ਇਤਰਾਜ਼ ਲਈ ਲਿਖਦੀ ਹੈ (ਸਮੇਂ ਦੀਆਂ ਸੀਮਾਵਾਂ ਅੰਦਰ) ਤਾਂ ਉਸਨੂੰ ਇਕ ਪੱਤਰ ਮਿਲੇਗਾ ਜਿਸ ਵਿਚ ਇਹ ਕਿਹਾ ਜਾਵੇਗਾ ਕਿ ਇਤਰਾਜ਼ ਸਮੇਂ ਦੀ ਸੀਮਾ ਪੂਰੀ ਹੋਣ ਤੋਂ ਪਹਿਲਾਂ ਦਾਇਰ ਹੋਇਆ ਹੈ । ਇਹ ਵੀ ਪੁੱਛਿਆ ਜਾਵੇਗਾ ਕਿ ਉਹ ਧਿਰ ਕਦੋਂ ਕਾਰਵਾਈ ਸ਼ੁਰੂ ਕਰਨਾ ਚਾਹੁੰਦੀ ਹੈ । ਜਦੋਂ ਅਸੰਤੋਸ਼ਜਨਕ ਧਿਰ ਕਾਰਵਾਈ ਲਈ ਤਿਆਰ ਹੋਵੇ ਉਸਨੂੰ ਫਾਈਲ ਦੀ ਨਕਲ ਤੇ ਇਕ ਇਤਰਾਜ ਫਾਰਮ ਮੁਹੱਈਆ ਕੀਤਾ ਜਾਵੇਗਾ ।

## ਕਾਮੇ ਦਾ ਝਗੜਾ

ਕਿਸੇ ਕਾਮੇ ਦੇ ਝਗੜੇ ਦੀ ਸੂਰਤ ਵਿਚ ਅਸੀਂ ਕਲੇਮ ਫਾਈਲ ਦੀ ਇਕ ਨਕਲ ਤੇ ਇਕ ਇਤਰਾਜ਼ ਫਾਰਮ ਦਿੰਦੇ ਹਾਂ ਜਿਸ ਨਾਲ ਇਹ ਹਦਾਇਤਾਂ ਵੀ ਦਿਤੀ ਆਂ ਜਾਂਦੀਆਂ ਹਨ ਕਿ ਫਾਰਮ ਕਿਵੇਂ ਭਰਨਾ ਹੈ । ਅਸੀਂ ਕਾਮੇ ਦੇ ਨਿਯੋਜਕ ਨੂੰ ਵੀ ਸੂਚਨਾ ਦਿੰਦੇ ਹਾਂ ਕਿ ਕਾਮੇ ਦਾ ਸੰਭਵ ਇਤਰਾਜ਼ ਕੀ ਹੋ ਸਕਦਾ ਹੈ ਤੇ ਪੁਛਦੇ ਹਾਂ ਕਿ ਜੇਕਰ ਇਤਰਾਜ਼ ਅਪੀਲੀ ਸ਼ਾਖਾ ਵਿਚ ਚਲਿਆ ਜਾਂਦਾ ਹੈ ਤਾਂ ਕੀ ਉਹ ਇਸ ਵਿਚ ਹਿਸਾ ਲੈਣਾ ਚਾਹੁੰਦੇ ਹਨ । ਇਤਰਾਜ਼ ਵਿਚ ਹਿਸਾ ਲੈਣ ਦੇ ਇੱਛਾਵਾਨ ਨਿਯੋਜਕ ਨੂੰ ਵੀ ਕਲੇਮ ਫਾਈਲ ਦੀ ਇਕ ਨਕਲ ਦਿਤੀ ਜਾਵੇਗੀ ।

ਜੇਕਰ ਫਾਈਲ ਨਿਰੀਖਣ ਕਰਨ ਤੋਂ ਬਾਅਦ ਕਾਮਾ ਇਸ ਨੂੰ ਜਾਰੀ ਰੱਖਣਾ ਚਾਹੁੰਦਾ ਹੈ ਉਹ ਇਤਰਾਜ਼ ਫਾਰਮ ਭਰ ਕੇ ਵਾਪਸ ਮੂਲ ਫੈਸਲਾ ਕਰਤਾ ਕੋਲ ਭੇਜੇਗਾ/ਭੇਜੇਗੀ। ਫੇਸਲਾ ਕਰਤਾ ਫਿਰ ਇਤਰਾਜ਼ ਫਾਰਮ ਵਿਚ ਦਿਤੀ ਨਵੀਂ ਜਾਣਕਾਰੀ ਦੇ ਅਧਾਰ ਤੇ ਫੈਸਲੇ ਤੇ ਪੁਨਰ ਵਿਚਾਰ ਕਰੇਗਾ ਤੇ ਇਹ ਸੁਨਿਸ਼ਚਤ ਕਰੇਗਾ ਕਿ ਹੋਰ ਸਾਰੇ ਮਸਲੇ ਨਿਪਟਾਏ ਜਾ ਚੁੱਕੇ ਹਨ । ਜੇਕਰ ਇਤਰਾਜ਼ ਦੂਰ ਨਹੀਂ ਹੁੰਦਾ ਤਾਂ ਕੇਸ ਅਪੀਲੀ ਸ਼ਾਖਾ ਕੋਲ ਚਲਾ ਜਾਂਦਾ ਹੈ ।

## ਨਿਯੋਜਕ ਦਾ ਝਗੜਾ

### *ਕਲੇਮ ਬਾਰੇ ਇਤਰਾਜ਼*

ਜਦੋਂ WSIB ਨੂੰ ਨਿਯੋਜਕ ਵੱਲੋਂ ਇਤਰਾਜ਼ ਦਾ ਨੋਟਿਸ ਮਿਲਦਾ ਹੈ ਜਾਂ ਜਦੋਂ ਨਿਯੋਜਕ ਕਾਮੇ ਵੱਲੋਂ ਉਠਾਏ ਇਤਰਾਜ਼ ਕਾਰਨ ਹਿੱਸਾ ਪਾਉਣ ਵਾਲਾ ਬਣਨ ਤੇ ਪਹੁੰਚ ਦਾ ਹੱਕਦਾਰ ਹੋ ਜਾਂਦਾ ਹੈ WSIB ਪਹਿਲਾਂ ਕਲੇਮ ਦੀ ਸਾਰੀ ਫਾਈਲ ਕਾਮੇਂ ਨੂੰ ਭੇਜਦਾ ਹੈ । ਲਗਦੇ ਹੱਥ WSIB ਕਾਮੇਂ ਨੂੰ ਉਸਦੀ ਸਿਹਤ ਸੰਭਾਲ ਜਾਣਕਾਰੀ ਜੋ ਉਹ ਆਪਣੇ ਨਿਯੋਜਕ ਨੂੰ ਰਿਲੀਜ਼ ਨਹੀਂ ਕਰਨਾ ਚਾਂਹੁੰਦਾ ਦੀ ਪਛਾਣ ਲਈ ਵੀ ਪੁੱਛਦਾ ਹੈ ।

ਜੇਕਰ ਕਾਮਾਂ ਬੋਰਡ ਨੂੰ ਇਸ ਗੱਲ ਦੀ ਇਤਲਾਹ ਦੇਵੇ ਕੇ ਉਸਨੂੰ ਆਪਣੀ ਕਿਸੇ ਸਿਹਤ ਸੰਭਾਲ ਦੀ ਜਾਣਕਾਰੀ ਨਿਯੋਜਕ ਨੂੰ ਰਿਲੀਜ਼ ਕਰਨ ਤੇ ਇਤਰਾਜ਼ ਹੈ ਤਾਂ ਬੋਰਡ ਇਤਰਾਜ਼ ਦੇ ਕਾਰਨਾਂ ਨੂੰ ਧਿਆਨ ਵਿੱਚ ਰੱਖੇਗਾ । WSIB ਫਿਰ ਇਹ ਫੈਸਲਾ ਕਰੇਗਾ ਕਿ ਕੀ ਉਹ ਇਹ ਜਾਣਕਾਰੀ ਨਿਯੋਜਕ ਨੂੰ ਰਿਲੀਜ਼

ਕਰੇਗਾ ਜਾਂ ਨਹੀਂ । ਫੈਸਲਾ ਕਰਤਾ ਨਿਯੋਜਕ ਅਤੇ ਕਾਮੇ ਦੋਹਾਂ ਨੂੰ ਲਿਖਤੀ ਇਤਲਾਹ ਦੇਵੇਗਾ । ਫੈਸਲੇ ਦੇ ਉਪਰੰਤ ਦੋਨਾਂ ਧਿਰਾਂ ਕੋਲ ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਅਪੀਲਜ਼ ਟ੍ਰਿਬਿਊਨਲ ਕੋਲ ਅਪੀਲ ਕਰਨ ਲਈ 21 ਦਿਨ ਦਾ ਸਮਾਂ ਹੈ ।

ਪੂਰਾ ਕੀਤਾ ਇਤਰਾਜ਼ ਫਾਰਮ ਮੁਲਾਂਕਣ ਤੇ ਪੁਨਰ ਵਿਚਾਰ ਲਈ ਮੂਲ ਫੈਸਲਾ ਕਰਤਾ ਕੋਲ ਭੇਜਿਆ ਜਾਂਦਾ ਹੈ । ਜੇਕਰ ਝਗੜੇ ਦਾ ਨਿਪਟਾਰਾ ਨਾ ਹੋਵੇ ਤਾਂ ਇਤਰਾਜ਼ ਨੂੰ ਅਪੀਲੀ ਸ਼ਾਖਾ ਕੋਲ ਭੇਜਿਆ ਜਾਵੇਗਾ ।

## ਰੈਵੀਨਿਊ ਬਾਰੇ ਇਤਰਾਜ਼

ਰੈਵੀਨਿਊ ਇਤਰਾਜ਼ਾਂ ਤੇ ਕਲੇਮ ਇਤਰਾਜ਼ਾਂ ਦੇ ਨਿਪਟਾਰੇ ਵਿਚ ਇਕੋ ਇਕ ਅੰਤਰ ਇਹ ਹੈ ਕਿ ਫਰਮ ਦੀ ਫਾਈਲ ਦੀ ਨਕਲ ਆਪਣੇ ਆਪ ਨਹੀਂ ਭੇਜੀ ਜਾਂਦੀ । ਪਰ ਨਿਯੋਜਕ ਕੇਸ ਦੇ ਅਪੀਲੀ ਸ਼ਾਖਾ ਕੋਲ ਭੇਜੇ ਜਾਣ ਤੋਂ ਪਹਿਲਾਂ ਫਰਮ ਦੀ ਫਾਈਲ ਦੀ ਇਕ ਨਕਲ ਲਈ ਬੇਨਤੀ ਕਰ ਸਕਦਾ ਹੈ ।

## ਅਪੀਲੀ ਸ਼ਾਖਾ ਕੇਸਾਂ ਨੂੰ ਕਿਵੇਂ ਨਜਿਠਦੀ ਹੈ ?

### 60 ਦਿਨਾਂ ਦੀ ਫੈਸਲਾ ਛੋਟ

ਅਪੀਲੀ ਸ਼ਾਖਾ ਵਿਚ ਜਾਣ ਵਾਲੇ ਸਾਰੇ ਕੇਸਾਂ ਲਈ ਇਤਰਾਜ਼ ਕਰਨ ਵਾਲੀ ਧਿਰ/ ਉਸ ਦਾ ਪ੍ਰਤੀਨਿਧੀ 60 ਦਿਨ ਦੀ ਫੈਸਲਾ ਚੁਨੌਤੀ ਚੁਣ ਸਕਦਾ ਹੈ । ਇਸ ਚੁਨੌਤੀ ਅਧੀਨ ਅਪੀਲ ਨਿਪਟਾਊ ਅਫਸਰ ਕਲੇਮ ਫਾਈਲ ਦੇ ਅਤੇ ਧਿਰਾਂ ਵਲੋਂ ਕੋਈ ਨਵੀਂ ਜਾਣਕਾਰੀ ਲਿਖਤੀ ਰੂਪ ਵਿਚ ਮਿਲਣ ਦੇ ਅਧਾਰ ਤੇ ਆਪਣਾ ਲਿਖਤੀ ਫੇਸਲਾ 60 ਦਿਨਾਂ ਦੇ ਅੰਦਰ ਅੰਦਰ ਦਿੰਦਾ ਹੈ । ਇਸ ਵਿਧੀ ਨਾਲ ਇਤਰਾਜ਼ ਕਰ ਰਹੀਆਂ ਧਿਰਾਂ ਨੂੰ ਜਲਦੀ ਫੈਸਲਾ ਪ੍ਰਾਪਤ ਕਰਨ ਦਾ ਮੌਕਾ ਮਿਲ ਜਾਂਦਾ ਹੈ । ਅਪੀਲਾਂ ਵਾਲੇ ਨਿਪਟਾਊ ਅਫਸਰ ਦਾ ਫੈਸਲਾ WSIB ਦਾ ਆਖਰੀ ਫੈਸਲਾ ਹੈ ।

## ਨਜ਼ਰਸਾਨੀ/ਪੜਤਾਲ/ਜ਼ੁਬਾਨੀ ਸੁਣਵਾਈ ਦੀਆਂ ਚੋਣਾਂ

ਜਦੋਂ ਇਤਰਾਜ਼ ਕਰਨ ਵਾਲੀ ਧਿਰ 60 ਦਿਨਾਂ ਦੀ ਚੁਨੌਤੀ ਦੀ ਚੋਣ ਨਹੀਂ ਕਰਦੀ ਤਾਂ ਅਪੀਲ ਨਿਪਟਾਊ ਅਫਸਰ ,ਫਾਈਲ ਤੇ ਨਜ਼ਰਸਾਨੀ ਕਰਦਾ ਹੈ, ਧਿਰਾਂ ਤੇ ਨੁਮਾਇੰਦਿਆਂ ਨਾਲ ਸੰਪਰਕ ਕਰਦਾ ਹੈ ਕਿ ਕਿਹੜੇ ਮਾਮਲਿਆਂ ਦਾ ਨਬੇੜਾ ਕਰਨ ਦੀ ਲੋੜ ਹੈ । ਅਪੀਲ ਨਿਪਟਾਊ ਅਫਸਰ ਕੇਸ ਦਾ ਨਿਪਟਾਰਾ ਕਰਨ ਲਈ ਕਈ ਤਰੀਕਿਆਂ ਦੀ ਵਰਤੋਂ ਕਰਦਾ ਹਨ ਜੋ ਕਿ ਮਾਮਲਿਆਂ ਦੀ ਕਿਸਮ ਤੇ ਜਟਿਲਤਾ ਤੇ ਨਿਰਭਰ ਕਰਦਾ ਹੈ । ਫਿਰ ਅਪੀਲ ਨਿਪਟਾਊ ਅਫਸਰ ਜਾਂ ਤਾਂ ਲਿਖਤੀ ਫੈਸਲਾ ਦੇਣਗੇ ਜਾਂ ਸਾਰੇ ਸੰਬੰਧਿਤਾਂ ਦੀ ਆਪਸੀ ਸਹਿਮਤੀ ਨਾਲ ਕਿਸੇ ਫੈਸਲੇ ਤੇ ਪੁਜਣਗੇ । ਕਿਸੇ ਵੀ ਵਿਧੀ ਨਾਲ ਹੋਇਆ ਨਿਪਟਾਰਾ WSIB ਦਾ ਅੰਤਿਮ ਫ਼ੈਸਲਾ ਹੋਵੇਗਾ ।

ਅਪੀਲ ਨਿਪਟਾਊ ਅਫਸਰਾਂ ਦੁਆਰਾ ਕੀਤੇ ਸਾਰੇ ਫੈਸਲਿਆਂ ਵਿਰੁੱਧ ਅਪੀਲ ਵਰਕ ਪਲੇਸ ਸੇਫਟੀ ਤੇ ਇੰਸ਼ੋਰੈਂਸ ਅਪੀਲਜ਼ ਟਰੀਬਿਊਨਲ ਕੋਲ ਕੀਤੀ ਜਾ ਸਕਦੀ ਹੈ । ਅਜਿਹੀਆਂ ਅਪੀਲਾਂ ਤੇ ਸਮੇਂ ਦੀ ਸੀਮਾਂ ਲਾਗੂ ਹੁੰਦੀ ਹੈ । (ਦੇਖੋ ***ਅਪੀਲਾਂ ਲਈ ਸਮਾਂ ਸੀਮਾਵਾਂ*** ਫੈਕਟ ਸ਼ੀਟ । )

## ਵਰਕ ਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ

ਉਨਟਾਰੀਓ ਦਾ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ ਪ੍ਰਾਂਤ ਦੀ ਪੇਸ਼ਾਵਰ ਸਿਹਤ ਅਤੇ ਸੁਰੱਖਿਆ ਪ੍ਰਣਾਲੀ ਵਿੱਚ ਇਕ ਅਹਿਮ ਕਿਰਦਾਰ ਨਿਭਾਉਂਦਾ ਹੈ । WSIB ਨਿਯੋਜਕਾਂ ਅਤੇ ਉਹਨਾਂ ਦੇ ਕਾਮਿਆਂ ਲਈ ਕਸੂਰ-ਰਹਿਤ ਬੀਮੇ ਦਾ ਪ੍ਰਬੰਧ ਕਰਦਾ ਹੈ ਅਤੇ ਕੰਮ ਦੇ ਸਥਾਨਾਂ ਤੇ ਸੱਟਾਂ ਅਤੇ ਬੀਮਾਰੀਆਂ ਦੀ ਰੋਕਥਾਮ ਲਈ ਵਚਨਬੱਧ ਹੈ । WSIB ਅਯੋਗਤਾ ਲਾਭ ਪ੍ਰਦਾਨ ਕਰਦਾ ਹੈ, ਸਿਹਤ ਸੰਭਾਲ ਦੇ ਮਿਆਰ ਤੇ ਨਿਗਾਹ ਰੱਖਦਾ ਹੈ ਅਤੇ ਉਨ੍ਹਾਂ ਕਾਮਿਆਂ ਲਈ ਜੋ ਕੰਮ ਤੇ ਜ਼ਖਮੀ ਜਾਂ ਪੇਸ਼ਾਵਰ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਸੀ ਦਾ ਸਮਰਥਣ ਕਰਦਾ ਹੈ ।

*ਸਾਡੀ ਜਾਣਕਾਰੀ ਸੰਬੰਧੀ ਹਾਟ-ਲਾਈਨ ਕਾਲ ਕਰਨ ਤੇ ਇਹ ਜਾਣਕਾਰੀ ਕਈ ਭਾਸ਼ਾਵਾਂ ਵਿਚ ਉਪਲਬਧ ਹੈ।*
**ਸੂਚਨਾ ਹਾਟ ਲਾਈਨ:**(416) 344-4999 **ਕਰ-ਰਹਿਤ:** 1-800-465-5606 **ਜਾਂ** **ਟੀ.ਟੀ.ਵਾਈ:**1-800-387-0050

 © WSIB Ontario